# ਗੁਰਦੁਆਰਾ ਰਾਮਪੁਰ ਖੇੜਾ ਸਾਹਿਬ ਦਾ ਪਿਛੋਕੜ
# ਅਤੇ
# ਸੰਖੇਪ ਜੀਵਨ ਬ੍ਰਿਤਾਂਤ ਸੰਤ ਬਾਬਾ ਹਰਨਾਮ ਸਿੰਘ ਜੀ

ਦੁਆਬੇ ਦੇ ਜਿਲੇ ਹੁਸ਼ਿਆਰਪੁਰ ਤੋਂ ਦਸੂਹੇ (ਜੋ ਕਿ ਕਿਸੇ ਸਮੇਂ ਰਾਜਾ ਵਿਰਾਟ ਦੀ ਰਾਜਧਾਨੀ ਸੀ) ਵੱਲ ਜਾਈਏ ਤਾਂ ਤਕਰੀਬਨ ਤੀਹ ਕੁ ਕਿਲੋਮੀਟਰ ਦੀ ਦੂਰੀ ਤੇ ਕਸਬਾ ਗੜ੍ਹਦੀਵਾਲਾ ਤੋਂ ਪਹਿਲੇ ਹੀ, ਸੜਕ ਤੋਂ ਲਹਿੰਦੀ ਵੱਲ ਨੂੰ ਜਾਣ ਤੇ ਗੁਰੂ ਨਾਨਕ ਦਰ ਦਾ ਕੇਸਰੀ ਨਿਸ਼ਾਨ ਸਾਹਿਬ ਇੱਕ ਆਲੀਸ਼ਾਨ ਗੁਰੂਧਾਮ ਦੀ ਸੱਦ ਪਾਉਂਦਾ ਹੋਇਆ ਨਜ਼ਰ ਆਵੇਗਾ। ਇਸ ਪਾਵਨ ਗੁਰ ਅਸਥਾਨ ਨੂੰ ਗੁਰਦੁਆਰਾ ਰਾਮ ਪੁਰ ਖੇੜਾ ਸਾਹਿਬ ਕਹਿਕੇ ਯਾਦ ਕੀਤਾ ਜਾਂਦਾ ਹੈ। ਕਿਸੇ ਵਡੇਰੀ ਉਮਰ ਦੇ ਬਜ਼ੁਰਗ ਨੂੰ ਇਸ ਅਸਥਾਨ ਦੇ ਪਿਛੋਕੜ ਸਬੰਧੀ ਪੁੱਛਣ ਤੇ ਇਹ ਪਤਾ ਚਲੇਗਾ ਕਿ ਅੱਜ ਜੋ ਇਸ ਰਾਮਪੁਰ ਦੀ ਫਿਜ਼ਾ 'ਚੋਂ ਖੇੜਾ ਡੁੱਲ੍ਹ-ਡੁੱਲ੍ਹ ਪੈ ਰਿਹਾ ਹੈ, ਆਹ ਪੰਜਾਹਵਿਆਂ ਦੀ ਗੱਲ ਹੈ, ਇਸੇ ਥਾਂਉਂ ਨੂੰ ਲੋਕ ਰਾਮਪੁਰ ਦਾ ਥੇਹ ਕਹਿ ਕੇ ਇਸ ਦੀ ਭਿਆਨਕਤਾ ਤੋਂ ਥਰ-ਥਰ ਕੰਬਦੇ ਸਨ। ਬੋਹੜਾਂ ਦਾ ਵਿਰਾਟ ਝੁੰਡ, ਸਰਕੰਡਿਆਂ, ਬੂਝਿਆਂ ਇਤ ਆਦਿਕ ਬੇ ਅਬਾਦੀ ਦੀ ਬਨਸਪਤੀ ਦੇ ਨਾਲ ਨਾਲ ਜੰਗਲੀ ਜੀਵਾਂ ਨੂੰ ਅਪਣੀ ਬੁੱਕਲ ਵਿੱਚ ਸਮੋਈ ਬੈਠਾ ਸੀ। ਜੰਗਲ ਦੀ ਇਸ ਛਤਰੀ ਵਿੱਚੋਂ ਸੂਰਜ ਵੀ ਆਪਣੀਆਂ ਕਿਰਨਾਂ ਭੇਜਣ ਤੋਂ ਅਸਮਰੱਥਾ ਪ੍ਰਗਟ ਕਰਦਾ ਜਾਪਦਾ ਸੀ, ਜਿਸ ਸਦਕਾ ਸਮੁੱਚੀ ਧਰਤ ਵੀ ਦਲਦਲ ਹੀ ਬਣੀ ਬੈਠੀ ਸੀ। ਇਸ ਬੇ ਅਬਾਦ, ਵੀਰਾਨ ਥੇਹ ਦੀ ਮਲਕੀਅਤ ਅਵਗਤ ਰੂਹਾਂ ਦੇ ਵੱਸ ਸੀ ਅਤੇ ਨੇੜੇ ਦੀਆਂ ਕਿਸਾਨੀ ਜਮੀਨਾਂ ਵੀ ਇਸ ਵੈਰਾਨੀ ਦੇ ਭੈ ਸਦਕਾ ਵਾਹੀ ਤੋਂ ਸੱਖਣੀਆਂ ਹੋਣ ਕਾਰਨ ਇਸ ਰਾਮ ਪੁਰ ਦੇ ਥੇਹ ਦਾ ਰਕਬਾ ਵਧਾਉਣ ਵਿੱਚ ਸਹਾਈ ਸਨ। ਇਸ ਜਗ੍ਹਾ ਦੀ ਭਿਆਨਕਤਾ ਦਾ ਸਹਿਮ ਮਨੁੱਖੀ ਮਾਨਸਕਿਤਾ ਤੇ ਇਤਨਾ ਗਹਿਰਾ ਸੀ ਕਿ ਕਿਸੇ ਦਾ ਇਸ ਜਗ੍ਹਾ ਉੱਪਰ ਜਾਣਾ ਤਾਂ ਇਕ ਪਾਸੇ ਰਿਹਾ, ਕੋਈ ਇਧਰ ਨੂੰ ਉਂਗਲ ਦਾ ਇਸ਼ਾਰਾ ਕਰਨ ਤੋਂ ਵੀ ਕੰਨੀ ਕਤਰਾਉਂਦਾ ਸੀ।

ਇਸ ਅਸਥਾਨ ਨੂੰ ਗੁਰੂ ਹੁਕਮ ਵਿੱਚ ਆਪਣਾ ਟਿਕਾਣਾ ਬਣਾ ਕੇ ਨਿਰੰਤਰ ਨਾਮ-ਜਪ ਅਤੇ ਪ੍ਰਭੂ-ਬੰਦਗੀ ਦੇ ਪ੍ਰਤਾਪ ਦੁਆਰਾ *"ਉਜੜ ਥੇਹ ਵਸਾਇਓਨ"* ਅਨੁਸਾਰ ਗੁਰਸਿੱਖੀ ਦਾ ਮਹਾਨ ਕੇਂਦਰ ਸਥਾਪਿਤ ਕਰਨ ਵਾਲੀ ਗੁਰੂ ਵਰੋਸਾਈ ਆਤਮਾ ਦਾ ਨਾਉਂ ਇਤਿਹਾਸ ਨੇ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ ਕਰਕੇ, ਆਪਣੇ ਸੁਨਹਿਰੀ ਪੰਨਿਆ ਵਿੱਚ ਸਮੋਇਆ ਹੈ।

ਬਾਬਾ ਜੀ ਦਾ ਜਨਮ ਜਿਲਾ ਹੁਸ਼ਿਆਰਪੁਰ ਦੇ ਹੀ ਨਗਰ ਧੁੱਗਾ ਕਲਾਂ ਵਿੱਚ ਪਿਤਾ ਸ. ਅੱਛਰ ਸਿੰਘ ਜੀ ਦੇ ਗ੍ਰਿਹ ਵਿਖੇ ਮਾਤਾ ਨਰਾਇਣ ਕੌਰ ਜੀ ਦੀ ਕੁੱਖੋਂ ੧੯੯੭ ਈ. ਵਿੱਚ ਹਾੜ੍ਹ ਦੇ ਮਹੀਨੇ ਹੋਇਆ। ਬਾਬਾ ਜੀ ਦੇ ਚਾਰ ਭਰਾ ਅਤੇ ਦੋ ਭੈਣਾ ਹੋਰ ਸਨ। ਗੁਰਸਿੱਖ ਮਾਤਾ-ਪਿਤਾ ਜੀ ਦੀਆਂ ਧਾਰਮਿਕ ਸਿੱਖਿਆਵਾਂ ਅਤੇ ਗੁਰਮੁਖ ਪਰਿਵਾਰਿਕ ਮਹੌਲ ਨੇ ਆਪ ਜੀ ਦੀ ਧਾਰਮਿਕ ਰੁਚੀ ਨੂੰ ਵਧੇਰੇ ਪ੍ਰਬਲ ਕਰਨ ਵਿੱਚ ਸਹਾਇਤਾ ਕੀਤੀ। ਬਚਪਨ ਤੋਂ ਹੀ ਪੂਰਬਲੇ ਸੰਸਕਾਰਾਂ ਸਦਕਾ ਆਪ ਜੀ ਦੇ ਮਨ ਵਿੱਚ ਇਹ ਦ੍ਰਿੜ ਨਿਸਚਾ ਸੀ ਕਿ ਜੀਵਨ ਭਰ ਧੰਨ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਉਪਦੇਸ਼ ਦੀ ਕਮਾਈ ਹੀ ਕਰਨੀ ਹੈ।

ਪੰਜਾਬ ਦੇ ਪੁਰਾਤਨ ਸਮਾਜਿਕ ਜੀਵਨ ਵਿਚ ਵਿੱਦਿਆ ਪੱਖ ਤੋਂ ਅਵੇਸਲਾਪਨ ਹੋਣ ਕਾਰਨ ਭਾਵੇਂ ਆਪ ਜੀ ਸਕੂਲੀ ਵਿੱਦਿਆ ਪ੍ਰਾਪਤ ਨਾ ਕਰ ਸਕੇ ਪਰ ਫਿਰ ਵੀ ਪਿੰਡ ਦੇ ਗ੍ਰੰਥੀ ਸਿੰਘ ਪਾਸੋਂ ਗੁਰਬਾਣੀ ਉਪਦੇਸ਼ ਨਾਲ ਸਾਂਝ ਪਾਉਣ ਲਈ ਗੁਰਮੁਖੀ ਵਿੱਦਿਆ ਪ੍ਰਾਪਤ ਕਰ ਲਈ। ਬਾਬਾ ਜੀ ਅਜੇ ਕਿਸ਼ੋਰ ਅਵਸਥਾ ਵਿੱਚ ਹੀ ਸਨ ਜਦ ਮਾਤਾ ਪਿਤਾ ਜੀ ਅਕਾਲ ਚਲਾਣਾ ਕਰ ਗਏ। ਜਿਉਂ-ਜਿਉਂ ਸਮਾਂ ਬੀਤਦਾ ਗਿਆ, ਭਰਾਂਵਾ ਦੇ ਨਾਲ ਪ੍ਰੀਵਾਰ ਦੇ ਕੰਮ ਕਾਰ ਵਿੱਚ ਹੱਥ ਵਟਾਉਂਦੇ ਹੋਏ *"ਹਾਥ ਪਾਉ ਕਰ ਕਾਮ ਸਭ ਚੀਤਿ ਨਿਰੰਜਨ ਨਾਲ"* ਵਾਲੀ ਕਾਰ, ਜਾਰੀ ਰਹੀ। ਮਨ ਦਾ ਵੇਗ ਆਪਣੇ ਅਸਲ ਜੀਵਨ ਮਨੋਰਥ ***"ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ"*** ਵੱਲ ਦਿਨ- ਬ-ਦਿਨ

ਝੁਕਦਾ ਰਿਹਾ। ਇਸ ਮਨੋਰਥ ਦੀ ਪ੍ਰਾਪਤੀ ਅਤੇ ਪ੍ਰਮਾਰਥਿਕ ਜੀਵਨ ਦੀ ਸੇਧ ਲਈ ਇਲਾਕੇ ਵਿੱਚ ਜਿੱਥੇ ਵੀ ਕਿਸੇ ਸਾਧੂ ਦੀ ਸੋਅ ਪੈਂਦੀ, ਸਮਾਂ ਕੱਢ ਉਸਦੇ ਦਰਸ਼ਨਾ ਲਈ ਪੁੱਜਦੇ।

ਇਸੇ ਸਮੇਂ ਦੌਰਾਨ ਇੱਕ ਖੇਡ ਵਰਤੀ ਕਿ ਆਪ ਜੀ ਦੇ ਨਗਰ ਦੇ ਬਾਹਰ ਇਕਾਂਤ ਜਗਾ ਤੇ ਇੱਕ ਉਦਾਸੀ ਸਾਧੂ ਨੇ ਆ ਡੇਰਾ ਲਾਇਆ। ਆਪ ਜੀ ਨੇ ਵੀ ਸਵੇਰੇ ਸ਼ਾਮ ਉਸਦੀ ਸੰਗਤ ਵਿੱਚ ਪੁੱਜ ਜਾਣਾ ਅਤੇ ਯਥਾ ਸ਼ਕਤ ਸੇਵਾ ਕਰਨੀ। ਬਰਸਾਤ ਦਾ ਮੌਸਮ ਸੀ, ਮੀਂਹ ਪੈਣ ਲੱਗਾ ਅਤੇ ਇਹ ਝੜੀ ਚਾਰ ਪੰਜ ਦਿਨ ਜਾਰੀ ਰਹੀ। ਉਹ ਸਾਧੂ ਜਿਸਦਾ ਨਾਂ ਸੰਤੋਖ ਦਾਸ ਸੀ, ਲਗਾਤਾਰ ਆਪਣੇ ਟਿਕਾਣੇ ਬਾਰਸ਼ ਦੀ ਪ੍ਰਵਾਹ ਕੀਤੇ ਤੋਂ ਬਿਨਾਂ ਟਿਕਿਆ ਰਿਹਾ, ਨਾ ਤਾਂ ਉਸ ਨੇ ਮੀਂਹ ਤੋਂ ਬਚਣ ਲਈ ਕਿਸੇ ਟਿਕਾਣੇ ਦਾ ਆਸਰਾ ਲਿਆ ਅਤੇ ਨਾ ਹੀ ਆਪਣੇ ਆਹਾਰ ਲਈ ਪਿੰਡ ਵਿੱਚ ਮੰਗਣ ਗਿਆ। ਬਾਬਾ ਜੀ ਨੇ ਦੱਸਣਾ ਕਿ ਅਸੀਂ ਲਗਾਤਾਰ ਇਹ ਖੇਡ ਵੇਖਦੇ ਰਹੇ ਤੇ ਸੰਕਲਪ ਕਰਨਾ ਕਿ ਅੱਜ ਵੀ ਉਹ ਸਾਧੂ ਆਪਣੇ ਟਿਕਣੇ ਨੂੰ ਛੱਡ ਗਿਆ ਹੋਵੇਗਾ ਪਰ ਉਸ ਨੇ ਆਪਣੇ ਨਾਮ ਅਨੁਸਾਰ ਪੂਰਨ ਸੰਤੋਖ ਦਾ ਪੱਲਾ ਨਾ ਛੱਡਿਆ, ਇਸ ਘਟਨਾ ਨੇ ਉਸ ਸਾਧੂ ਦਾ ਸਤਿਕਾਰ ਬਾਬਾ ਜੀ ਦੇ ਮਨ ਵਿੱਚ ਅਤਿ ਪ੍ਰਬਲ ਬਣਾ ਦਿੱਤਾ। ਮੀਂਹ ਥੰਮਣ ਤੇ ਆਪ ਜੀ ਉਸ ਸਾਧੂ ਲਈ ਜਲ-ਪਾਣੀ ਲੈ ਕੇ ਗਏ ਅਤੇ ਉਸ ਦਿਨ ਤੋਂ ਬਾਦ ਲਗਾਤਾਰ ਬਾਰ੍ਹਾਂ ਸਾਲ ਉਸ ਸਾਧੂ ਦੀ ਨਿਸ਼ਕਾਮ ਸੇਵਾ ਕੀਤੀ। ਉਸ ਦੇ ਧੂੰਏ ਲਈ ਲੱਕੜਾਂ ਦਾ ਪ੍ਰਬੰਧ ਕਰਨਾ ਅਤੇ ਸਵੇਰੇ ਸ਼ਾਮ ਜਲ ਪਾਣੀ ਪਹੁੰਚਾਣਾ।

ਇੱਕ ਦਿਨ ਖੇਤਾਂ ਵਿੱਚ ਹਲ ਵਾਹੁੰਦਿਆ ਹੋਇਆਂ ਬਾਬਾ ਜੀ ਦੇ ਮਨ ਵਿੱਚ ਇਹ ਫੁਰਨਾ ਬੜਾ ਪ੍ਰਬਲ ਬਣ ਉਠਿਆ ਕਿ ਮੈਂ ਕੀ ਹਾਂ? ਸਰੀਰ ਮੈਂ ਹੈ ਨਹੀਂ, ਅਤੇ ਇਥੋਂ ਤੱਕ ਕਿ ਜੋ ਸ਼ੈ ਇਸ ਸਾਰੇ ਕੁੱਝ ਦੀ ਅਪਣੱਤ ਬਣਾਈ ਬੈਠੀ ਹੈ ਕਿ ਆਹ ਮੇਰਾ, ਆਹ ਮੇਰਾ ਇਥੋ ਤੱਕ ਕਿ ਆਹ ਆਤਮਾ ਵੀ ਮੇਰੀ, ਉਹ ਮੂਲ ਵਸਤੂ ਕੀ ਹੈ? ਆਪਣੇ ਤੌਰ ਤੇ ਉੱਤਰ ਭਾਲਣ ਦਾ ਯਤਨ ਕੀਤਾ ਪਰ ਮਨ ਦੀ ਤਸੱਲੀ ਨਾ ਹੋਈ। ਫੈਸਲਾ ਕੀਤਾ ਕਿ ਉਦਾਸੀ ਸਾਧੂ ਜੀ ਤੋਂ ਜਾ ਕਿ ਨਿਰਣਾ ਕਰਵਾਇਆ ਜਾਵੇ। ਜਾ ਕੇ ਆਪਣਾ ਸੁਆਲ ਸਾਧੂ ਸੰਤੋਖ ਦਾਸ ਅੱਗੇ ਰੱਖਿਆ। ਬਾਬਾ ਜੀ ਦੇ ਦੱਸਣ ਅਨੁਸਾਰ, ਉਸ ਸਾਧੂ ਨੇ ਆਖਿਆ ਕਿ ਹਰਨਾਮ ਸਿੰਘ! ਜੇ ਇਹ ਜਾਨਣਾ ਚਾਹੁੰਦਾ ਹੈਂ ਕਿ ਤੂੰ ਕੀ ਹੈਂ, ਫਿਰ ਜਟਾਂਵਾਂ ਬਣਾ, ਪਿੰਡੇ ਤੇ ਸੁਆਹ ਮਲ ਕੇ ਉਦਾਸੀ ਵੇਸ ਧਾਰਕੇ ਮੇਰਾ ਚੇਲਾ ਬਣ, ਫਿਰ ਸਾਰੀ ਸੋਝੀ ਕਰਵਾ ਦਿਆਂਗਾ।

ਜਦ ਬਾਬਾ ਜੀ ਨੇ ਸਾਧੂ ਸੰਤੋਖ ਦਾਸ ਦੀ ਇਹ ਗੱਲ ਸੁਣੀ ਕਿ ਮੇਰਾ ਚੇਲਾ ਬਣ ਜਾਹ, ਮਨ ਵਿੱਚ ਬਹੁਤ ਹੀ ਨਿਰਾਸ਼ਾ ਹੋਈ ਕਿ ਲਗਾਤਾਰ ਬਾਰ੍ਹਾਂ ਸਾਲ ਇਸ ਸਾਧੂ ਦੀ ਬਿਨਾਂ ਕਿਸੇ ਇੱਛਾ ਅਤੇ ਮੰਗ ਤੋਂ ਸੇਵਾ ਕੀਤੀ ਹੈ ਅਤੇ ਅੱਜ ਜੇ ਬਾਰ੍ਹੀਂ ਸਾਲੀਂ ਇੱਕ ਪ੍ਰਮਾਰਥ ਦਾ ਨੁਕਤਾ ਪੁਛਿਆ, ਤਦ ਉਹ ਵੀ ਦੱਸਣ ਨੂੰ ਤਿਆਰ ਨਹੀਂ ਚੂੰਕਿ ਇਹ ਮੈਨੂੰ ਸਿੱਖ ਸਮਝਦਾ ਹੈ। ਤੇ ਸਿੱਖ ਤਾਂ ਮੈਂ ਹਾਂ ਹੀ। ਤਦੋਂ ਜੁਆਬ ਦਿੱਤਾ ਕਿ ਮੈਂ ਧੰਨ ਗੁਰੂ ਨਾਨਕ ਸਾਹਿਬ ਜੀ ਦਾ ਸਿੱਖ ਹਾਂ ਸੋ ਕਿਸੇ ਦੇਹਧਾਰੀ ਦਾ ਚੇਲਾ ਬਣਨ ਨੂੰ ਤਿਆਰ ਨਹੀਂ। ਜੇ ਤੁਸੀਂ ਮੇਰੀ ਇਸ ਪ੍ਰਮਾਰਥਿਕ ਪੁੱਛ ਦਾ ਜੁਆਬ ਨਹੀਂ ਦੇਣਾ ਤਾਂ ਕੋਈ ਬਾਤ ਨਹੀਂ।

ਉਸ ਦਿਨ ਤੋਂ ਬਾਦ ਮਨ ਦਾ ਵੈਰਾਗ ਹੋਰ ਵੀ ਪ੍ਰਬਲ ਹੋ ਆਇਆ ਅਤੇ ਹੁਣ ਪ੍ਰਮਾਰਥ ਪੰਧ ਦੀ ਪੁੱਛ ਸਿੱਖ ਸਾਧੂਆਂ ਤੱਕ ਸੀਮਤ ਕਰ ਦਿੱਤੀ ਕਿ ***"ਮੈ ਦਸਿਹੁ ਮਾਰਗ ਸੰਤਹੁ ਕਿਉ ਪ੍ਰਭੂ ਮੇਲਾਈਆ"*** ਪਰ ਮਨ ਦੀ ਤਸੱਲੀ ਫਿਰ ਵੀ ਨਾ ਹੋਈ ਕਿਉਂਕਿ ਭਾਂਵੇ ਉਹਨਾਂ ਸਾਧੂ ਜਨਾਂ ਨੇ ਉਪਦੇਸ਼ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੁਆਰਾ ਹੀ ਦੇਣਾ ਪਰ ਆਪਣੇ ਆਪ ਨੂੰ ਅਤੇ ਜਗਿਆਸੂ ਨੂੰ ਗੁਰੂ-ਚੇਲੇ ਵਾਲੀ ਦੂਰੀ ਤੇ ਜਰੂਰ ਰੱਖਣਾ। ਪਰ ਬਾਬਾ ਜੀ ਦੇ ਮਨ ਵਿੱਚ ਇਹ ਦ੍ਰਿੜ ਸੀ ਕਿ ਜਦ ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ, ਖਾਲਸੇ ਨੂੰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾ ਗਏ ਹਨ ਫਿਰ ਹੋਰ ਕਿਸੇ ਨੂੰ ਗੁਰੂ ਬਨਣ ਦਾ ਕੀ ਅਧਿਕਾਰ ਹੈ? ਅਤੇ ਗੁਰੂ ਕੀ ਬਾਣੀ ਵੱਚ ਵੀ ਸ਼ਬਦ ਗੁਰੂ ਦੀ ਮਹਾਨਤਾ ਨੂੰ ਉਜਾਗਰ ਕਰਦੇ ਹੋਏ ਬੇਅੰਤ ਗੁਰੂ ਹੁਕਮ ਹਨ। ਜੇ ਇਹ ਉਪਦੇਸ਼ ਸਿੱਖਾਂ ਨੇ ਨਹੀਂ ਮੰਨਣੇ ਫਿਰ ਹੋਰ ਕੌਣ ਇਹਨਾਂ ਉੱਪਰ ਪਹਿਰਾ ਦੇਵੇਗਾ?

ਸੋ ਦਿਨ-ਬ-ਦਿਨ ਵੈਰਾਗ ਪ੍ਰਬਲ ਹੁੰਦਾ ਗਿਆ, ਆਖਿਰ ਇੱਕ ਦਿਨ ਇਸ ਅਤਿ ਦੀ ਬਿਹਬਲਤਾ ਦੀ ਅਵਸਥਾ ਵਿੱਚ ਨਗਰ ਦੇ ਗੁਰਦੁਆਰਾ ਸਾਹਿਬ ਪੁੱਜ ਗਏ ਅਤੇ ਢਹਿ ਕੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿੱਚ ਅਰਦਾਸ ਕੀਤੀ, ***"ਅਬ ਹਮ ਚਲੀ ਠਾਕੁਰ ਪਹਿ ਹਾਰਿ॥ ਜਬ ਹਮ ਸਰਣਿ ਪ੍ਰਭੂ ਕੀ ਆਈ ਰਾਖੁ ਪ੍ਰਭੂ ਭਾਵੈ ਮਾਰਿ॥"*** ਕਿ ਹੇ ਸਤਿਗੁਰੂ ਜੀ! ਆਪ ਜੀ ਤੋਂ ਬਿਨਾਂ ਹੁਣ ਹੋਰ ਕੋਈ ਆਸਰਾ ਨਹੀਂ, ਹੁਣ ਭਾਂਵੇ ਆਪ ਜੀ ਹਨੇਰੇ ਵਿੱਚ ਰੱਖੋ, ਭਾਂਵੇ ਆਤਮਿਕ ਚਾਨਣ ਕਰ ਦਿਓ ਆਪ ਜੀ ਦਾ ਦਰ ਛੱਡ ਕੇ ਕਿਤੇ ਨਹੀਂ ਭਟਕਣਾ। ਇਸ ਤਰ੍ਹਾਂ ਵੈਰਾਗਮਈ ਜੋਦੜੀਆਂ ਕਰਦਿਆਂ ਹੀ ਗੈਬੀ ਅਵਾਜ ਸੁਣਾਈ ਦਿੱਤੀ ਕਿ ਹਰਨਾਮ ਸਿੰਘ ! ਜੇ ਆਪਾ ਚੀਨਣਾ ਚਾਹੁੰਦਾ ਹੈਂ, ਪ੍ਰਮਾਰਥ ਦੀਆਂ ਬਖਸ਼ਿਸ਼ਾਂ ਦੀ ਤਾਂਘ ਹੈ, ਫਿਰ ਪੰਜਾਂ ਪਿਆਰਿਆਂ ਦੇ ਪੇਸ਼ ਹੋ ਕਿ ਖੰਡੇ-ਬਾਟੇ ਦਾ ਅੰਮ੍ਰਿਤ ਛਕਕੇ ਗੁਰੂ ਉਪਦੇਸ਼ ਦੀ ਕਮਾਈ ਕਰ। ਸਾਰੀਆਂ ਰਹਿਮਤਾਂ ਝੋਲੀ ਪੈਣਗੀਆਂ। ਅਗਲੇਰੇ ਦਿਨਾਂ ਵਿੱਚ ਹੀ ਖੰਡੇ ਦੀ ਪਾਹੁਲ ਲੈ ਕਿ ਪੰਜਾਂ ਪਿਅਰਿਆਂ ਦੁਆਰਾ ਦਿੱਤੇ ਗੁਰੂ ਹੁਕਮ ਦੀ ਕਮਾਈ ਕਰਨੀ ਅਰੰਭ ਕਰ ਦਿੱਤੀ। ਜਿਉਂ ਜਿਉਂ ਨਾਮ ਦਾ ਰੰਗ ਚੜਦਾ ਗਿਆ ਮਨ ਦੇ ਭਰਮ ਭੁਲੇਖੇ ਦੂਰ ਹੁੰਦੇ ਗਏ। ਗੁਹਝ ਗੁਰਮਤਿ ਦਾ ਪ੍ਰਕਾਸ਼ ਗੁਰੂ ਮੇਹਰ ਨਾਲ ਹੁੰਦਾ ਗਿਆ।

ਇਸੇ ਸਮੇ ਦੌਰਾਨ ਭਰਾਂਵਾਂ ਨੇ ੧੧੯ ਚੱਕ ਸਰਗੋਧਾ (ਹੁਣ ਪਾਕਿਸਤਾਨ) ਵਿੱਚ ਜਮੀਨ ਲੈ ਲਈ ਸੋ ਬਾਬਾ ਜੀ ਸਮੇਤ ਸਾਰਾ ਪ੍ਰਵਾਰ ਸਰਗੋਧੇ ਜਾ ਵਸਿਆ। ਉਥੇ ਘਰ ਦੇ ਕੰਮਾਂ ਕਾਜਾਂ ਅਤੇ ਖੇਤੀ ਬਾੜੀ ਵਿੱਚ ਆਪ ਜੀ ਨੇ ਪ੍ਰਵਾਰ ਦਾ ਹੱਥ ਵਟਾਉਣਾ ਜਾਰੀ ਰੱਖਿਆ। ਕੰਮ ਕਾਰ ਦੁਰਾਨ ਸੁਰਤ ਨੂੰ ਗੁਰੂ ਚਰਨਾਂ ਵਿੱਚ ਜੋੜੀ ਰੱਖਣਾ ਅਤੇ ਸ਼ਾਮ ਦੇ ਕੰਮ ਨਿਬੇੜ ਕੇ ਆਪ ਜੀ ਨੇ ਥੋੜੀ ਦੂਰ ਰਜਵਾਹੇ ਦੇ ਕੰਢੇ ਜਾ ਬੈਠਣਾ ਅਤੇ ਪਰਮੇਸ਼ਰ ਅਰਾਧਨਾ ਵਿੱਚ ਜੁੜ ਜਾਣਾ। ਜਦ ਕਦੇ ਆਲਸ ਨੇ ਆਪਣੀ ਹੋਂਦ ਦਿਖਾਣੀ ਤਦੋਂ ਰਜਵਾਹੇ ਦੇ ਠੰਢੇ ਪਾਣੀ ਵਿੱਚ ਜਾ ਖੜਨਾ। ਕੇਵਲ ੩-੪ ਘੰਟੇ ਅਰਾਮ ਕਰਨਾ ਅਤੇ ਫਿਰ ਅਗਲੇ ਦਿਨ ਖੇਤੀ ਬਾੜੀ ਦੀ ਕਾਰ ਵਿੱਚ ਜੁੱਟ ਜਾਣਾ। ਇਹ ਕਠਿਨ ਤਪੱਸਿਆ ਕਾਫੀ ਸਮਾਂ ਜਾਰੀ ਰਹੀ।

ਆਪ ਜੀ ਦੇ ਭਰਾਂਵਾਂ ਨੇ ਗੁਰੂ ਪ੍ਰੇਰਨਾ ਸਦਕਾ ਆਪਸੀ ਸਲਾਹ ਕੀਤੀ ਕਿ ਬਾਬਾ ਜੀ, ਘਰ ਦੇ ਸਾਰੇ ਕੰਮ ਕਾਜ ਵਿੱਚ ਵੀ ਬਰਾਬਰ ਦਾ ਹੱਥ ਵਟਾਉਂਦੇ ਹਨ ਅਤੇ ਜਦ ਸਾਰਾ ਪ੍ਰਵਾਰ ਅਰਾਮ ਕਰਦਾ ਹੈ ਤਦ ਬਾਬਾ ਜੀ ਪ੍ਰਭੂ ਬੰਦਗੀ ਵਿੱਚ ਲੀਨ ਹੋ ਜਾਂਦੇ ਹਨ, ਜਿਸ ਕਾਰਨ ਸਰੀਰਕ ਤੌਰ ਤੇ ਕਾਫੀ ਖੇਚਲ ਹੈ ਕਿਉਂ ਨਾ ਅਸੀਂ ਕੰਮ ਕਾਰ ਤੋਂ ਇਨਾਂ ਨੂੰ ਫ਼ਾਰਗ ਕਰ ਦਈਏ ਤਾਂ ਜੋ ਆਪਣਾ ਸਾਰਾ ਸਮਾਂ ਆਪਣੀ ਮੌਜ ਵਿੱਚ ਪ੍ਰਭੂ ਬੰਦਗੀ ਕਰਦਿਆਂ ਬਿਤਾ ਸਕਣ। ਸੋ ਬਾਬਾ ਜੀ ਨੂੰ ਪ੍ਰਵਾਰ ਨੇ ਇਸ ਸਲਾਹ ਮੁਤਾਬਿਕ ਘਰ ਦੇ ਕੰਮ ਕਾਰ ਤੋ ਫਾਰਗ ਕਰ ਦਿੱਤਾ। ਹੁਣ ਸਮੁੱਚਾ ਸਮਾਂ ਹੀ ਪ੍ਰਭੂ ਬੰਦਗੀ ਵਿੱਚ ਬਤੀਤ ਹੋਣ ਲੱਗਾ ਅਤੇ ਨਾਲ ਹੀ ਉਸ ਗੈਬੀ ਹੁਕਮ ਅਨੁਸਾਰ ਆਤਮਿਕ ਉੱਨਤੀ ਵੀ ਦਿਨੋਂ ਦਿਨ ਹੁੰਦੀ ਗਈ। ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਪ੍ਰਤੱਖ ਦਰਸ਼ਨ ਅਤੇ ਬਖਿਸ਼ਸ਼ਾਂ ਨੇ ਆਤਮਾ ਨੂੰ ਨਾਮ ਦਾ ਮਜੀਠੜੇ ਰੰਗ ਅਤੇ ਇਲਾਹੀ ਮਸਤੀ ਵਿੱਚ ਰੰਗ ਦਿੱਤਾ। ਇਸ ਸਮੇਂ ਤੱਕ ਹੋਰ ਸੰਗੀ ਗੁਰਸਿੱਖ ਵੀ ਬਾਬਾ ਜੀ ਦੇ ਇਸ ਮਹਿਕਦੇ ਜੀਵਨ ਚੋਂ ਸੁਗੰਧੀਆਂ ਲੈਣ ਲੱਗੇ।

੧੯੪੭ ਦੇ ਬਦਲਦੇ ਹਾਲਾਤਾਂ ਕਰਕੇ ਪ੍ਰਵਾਰ ਨੇ ਕੁੱਝ ਜਮੀਨ ਧੌਲਪੁਰ (ਰਾਜਸਥਾਨ) ਵਿੱਚ ਖਰੀਦੀ , ਜਿਸ ਦੀ ਦੇਖ ਭਾਲ ਲਈ ਥੋੜਾ ਸਮਾਂ ਬਾਬਾ ਜੀ ਇਸ ਇਲਾਕੇ ਵਿੱਚ ਵੀ ਟਿਕੇ। ਉੱਥੇ ਵੀ ਗੁਰਸਿੱਖੀ ਪ੍ਰਚਾਰ ਕਰਦਿਆਂ ਅਨੇਕਾਂ ਪ੍ਰਾਣੀਆਂ ਨੂੰ ਸਤਿਗੁਰੂ ਸ੍ਰੀ ਗੁਰੂ ਗ੍ਰੰਥਿ ਸਾਹਿਬ ਜੀ ਦੇ ਚਰਨਾਂ ਨਾਲ ਜੋੜਿਆ। ਇਸੇ ਸਮੇ ਭਜਨ ਸਿਮਰਨ ਵਿੱਚ ਗੜੂੰਦ ਬਿਰਤੀ ਦੁਰਾਨ ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਤੱਖ ਦਰਸ਼ਨ ਦੇ ਕਿ ਬਖਸ਼ਿਸ਼ਾਂ ਦੀ ਛਹਿਬਰ ਲਾ ਦਿੱਤੀ ਅਤੇ ਨਾਲ ਹੀ ਹੁਕਮ ਕੀਤਾ ਕਿ ਹੁਣ ਜੋ ਆਤਮ ਰਸ ਦਾ ਅਨੰਦ ਤੁਸੀਂ ਮਾਣ ਰਹੇ ਹੋ ਇਸ ਮਹਿਕ ਨੂੰ ਲੁਕਾਈ ਵਿੱਚ ਵੰਡੋ ਅਤੇ ਇਸ ਲੇਖ ਦੇ ਅਰੰਭ ਵਿੱਚ ਜਿਸ ਰਾਮਪੁਰ ਦੇ ਥੇਹ ਦਾ ਜਿਕਰ ਕੀਤਾ ਗਿਆ ਹੈ ਇਸ ਦਾ ਅਨੁਭਵ ਵੀ ਸਤਿਗੁਰੂ ਜੀ ਨੇ ਸੁਰਤੀ ਵਿੱਚ ਬਾਬਾ ਜੀ ਨੂੰ ਕਰਵਾ ਦਿੱਤਾ ਅਤੇ ਹੁਕਮ ਕੀਤਾ ਕਿ ਇਸ ਇਕਾਂਤ ਜਗ੍ਹਾ ਨੂੰ ਆਪਣਾ ਟਿਕਾਣਾ ਬਣਾਕੇ ਗੁਰਸਿਖੀ ਪ੍ਰਚਾਰ ਦਾ ਕੇਂਦਰ ਰਚਨਾ ਕਰੋ।

ਇਸ ਬੇਅਬਾਦ ਰਾਮ ਪੁਰ ਦੀ ਥੇਹ ਤੇ ਪੁੱਜ ਕੇ ਬਾਬਾ ਜੀ ਨੇ ਕਠਿਨ ਤਪੱਸਿਆ ਕੀਤੀ। ਬੇਅੰਤ ਕੌਤਕ ਇਸ ਜਗਾ ਪੁਰ ਹੋਏ। ਸਾਰੀਆਂ ਘਟਨਾਵਾਂ ਦਾ ਸੂਖਮ ਮਾਤਰ ਜਿਕਰ ਵੀ ਹਥਲੇ ਲੇਖ ਨੂੰ ਕਾਫੀ ਵਿਸਥਾਰ ਰੂਪ ਦੇ ਸਕਦਾ ਹੈ। ਮਹਾਂਪੁਰਖਾਂ ਦੇ ਪਾਰਸੀ ਜੀਵਨ ਬ੍ਰਿਤਾਂਤ ਦਾ ਅਨੰਦ ਮਾਨਣ ਲਈ ਅਤੇ ਗੁਰਮਤਿ ਦੇ ਗੂਹਜ ਭੇਦਾਂ ਦੀ ਜਾਣਕਾਰੀ ਲਈ, ਬੇਨਤੀ ਹੈ ਕਿ ਆਪ ਜੀ ਉਨ੍ਹਾਂ ਦੇ ਉਤਰਾਧਿਕਾਰੀ ਬਾਬਾ ਸੇਵਾ ਸਿੰਘ ਜੀ ਦੁਆਰਾ ਰਚਿਤ ਪੁਸਤਕ **"ਸੇ ਕਿਨੇਹਿਆ?"** ਜਰੂਰ ਪੜ੍ਹੋ। ਇਸੇ ਅਸਥਾਨ ਤੇ ਹੀ ਬਾਬਾ ਜੀ ਨੇ ਸੁਖਮਨੀ ਸਾਹਿਬ ਦੀ ਬਾਣੀ ਵਿੱਚ ਗੁਰਦੇਵ ਸਤਿਗੁਰੂ ਅਰਜਨ ਦੇਵ ਸਾਹਿਬ ਜੀ ਦੇ ਹੁਕਮ, ***"ਮਿਰਤਕ ਕਉ ਜੀਵਾਲਨ ਹਾਰ।। ਭੂਖੇ ਕਉ ਦੇਵਤ ਅਧਾਰ"*** ਨੂੰ ਆਪਣੀ ਜਿੰਦਗੀ ਵਿੱਚ ਪ੍ਰਤੱਖ ਕਰ ਕੇ ਵੇਖਿਆ। ਇਸ ਅਗੰਮੀ ਕੌਤਕ ਵਿੱਚ ਚਾਲੀ ਦਿਨ ਬਿਨਾਂ ਕੁੱਝ ਖਾਧੇ ਅਤੇ ਬਿਨਾਂ ਕੁੱਝ ਪੀਤੇ ਤੋਂ ਨਾਮ ਰਸ ਦੇ ਅਧਾਰ ਨਾਲ, ਭਜਨ ਸਿਮਰਨ ਦਾ ਇਹ ਤਜਰਬਾ ਕਰਕੇ, ਗੁਰਬਾਣੀ ਤ੍ਰੈ ਕਾਲ ਸਤਿ ਹੈ ਦੇ ਨਿਸਚੇ ਨੂੰ ਪੀਡਾ ਕੀਤਾ।

ਗੁਰੂ ਹੁਕਮ ਅਤੇ ਸੰਗੀ ਗੁਰੂ ਪਿਆਰਿਆਂ ਦੀ ਪ੍ਰੇਰਨਾ ਨਾਲ ਸਹਿਜੇ ਸਹਿਜ ਇਸ ਰਾਮਪੁਰ ਥੇਹ ਉੱਪਰ ਗੁਰਦੁਆਰਾ ਰਾਮਪੁਰ ਖੇੜਾ ਦੀ ਹੋਂਦ ਪ੍ਰਗਟ ਹੋਣੀ ਅਰੰਭ ਹੋ ਗਈ। ਦਿਨ-ਬ-ਦਿਨ ਗੁਰੂ ਛੋਹ ਨੂੰ ਪ੍ਰਾਪਤ ਕਰਨ ਵਾਲੀਆਂ ਰੂਹਾਂ ਦੀ ਗਿਣਤੀ ਵਿੱਚ ਵਾਧਾ ਹੁੰਦਾ ਗਿਆ। ਪ੍ਰਭੂ ਲਗਨ ਵਾਲਿਆਂ ਨੂੰ ਬਾਬਾ ਜੀ ਨੇ ਆਪ ਨਾਲ ਲੈ ਕੇ ਪ੍ਰਭੂ ਸਿਮਰਨ ਦੀਆਂ ਜੁਗਤੀਆਂ ਦੱਸ ਕੇ ਆਤਮ ਰਸ ਦੇ ਅਨੰਦ ਤੱਕ ਪੁੱਜਣ ਲਈ ਅਗਵਾਈ ਕਰਨੀ। ਇਸ ਪ੍ਰਥਾ ਵਿੱਚ ਹਫਤਾਵਾਰੀ ਨਾਮ ਅਭਿਆਸ ਕਮਾਈ ਸਮਾਗਮਾਂ ਦੀ ਲੜੀ ਪ੍ਰਾਰੰਭ ਹੋਈ। ਜਿਸ ਵਿੱਚ ਜਗਿਆਸੂ ਅੰਮ੍ਰਿਤ ਵੇਲੇ ੨.੩੦ ਵਜੇ ਤੋਂ ਰਾਤ ੯.੦੦ ਵਜੇ ਤੱਕ ਨਾਮ ਅਭਿਆਸ, ਕੀਰਤਨ, ਕਥਾ ਆਦਿ ਦਾ ਅਨੰਦ ਮਾਣਦੇ। ਗੁਰਸਿੱਖੀ ਪ੍ਰਚਾਰ ਦੀ ਲੜੀ ਵਿੱਚ ਬਾਬਾ ਜੀ ਨੇ ਆਪਣੇ ਜੀਵਨ ਕਾਲ ਵਿੱਚ ਬੇਅੰਤ ਪ੍ਰਾਣੀਆਂ ਨੂੰ ਗੁਰਮਤਿ ਗਾਡੀ ਮਾਰਗ ਧਾਰਨ ਕਰਨ ਦੀ ਪ੍ਰੇਰਨਾ ਦਿੱਤੀ, ਜਿਸ ਸਦਕਾ ਉਹ ਹਜ਼ਾਰਾਂ ਹੀ ਲੋਕ ਜੋ ਆਪਣੇ ਅਸਲੇ ਤੋਂ ਖੁੰਝ ਕੇ ਵਿਕਾਰਾਂ ਵਿੱਚ ਗਲਤਾਨ ਜੀਵਨ ਬਿਤਾ ਰਹੇ ਸਨ, ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣ, ਗੁਰਮਖੀ ਜੀਵਨ ਬਿਤਾ ਲੋਕ ਸੁਖੀ ਪ੍ਰਲੋਕ ਸੁਹੇਲੇ ਕਰ ਰਹੇ ਹਨ।

ਬਾਬਾ ਜੀ ਨੇ ਆਪਣੇ ਸਾਰੇ ਜੀਵਨ ਕਾਲ ਵਿੱਚ ਕਿਸੇ ਇੱਕ ਵੀ ਜੀਵ ਨੂੰ ਆਪਣੇ ਸਰੀਰ ਨਾਲ ਨਹੀਂ ਜੋੜਿਆ, ਜਿਸ ਵੀ ਕਿਸੇ ਨੇ ਸੰਸਾਰਿਕ ਜਾਂ ਦੁਨਿਆਵੀ ਮੰਗ ਸਬੰਧੀ ਬੇਨਤੀ ਕਰਨੀ, ਉਸ ਨੂੰ ਆਖਣਾ ਕਿ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਰਬ ਕਲਾ ਸਮਰੱਥ ਹਨ, ਚੱਲ ਆਪਾਂ ਗੁਰੂ ਚਰਨਾਂ ਵਿੱਚ ਬੇਨਤੀ ਕਰਦੇ ਹਾਂ। ਭਾਂਵੇਂ ਗੁਰੂ ਮੇਹਰ ਨਾਲ ਨਾਮ ਜਪੁ ਦੁਆਰਾ ਸਰਬ ਸ਼ਕਤੀਆਂ ਸਤਿਗੁਰੂ ਜੀ ਨੇ ਬਖ਼ਸ਼ੀਆਂ ਹੋਈਆਂ ਸਨ ਪਰ ਹਰ ਕਾਰਜ ਵਿੱਚ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿੱਚ ਅਰਦਾਸ ਅਤੇ ਹੁਕਮਨਾਮੇ ਦੇ ਰੂਪ ਵਿੱਚ ਅਗਵਾਈ ਪ੍ਰਾਪਤ ਕਰਨੀ ਅਤੇ ਉਸ ਅਗਵਾਈ ਅਨੁਸਾਰ ਗੁਰੂ ਹੁਕਮ ਜਗਿਆਸੂ ਨੂੰ ਦੱਸ ਦੇਣਾ ਆਪ ਜੀ ਦੇ ਜੀਵਨ ਦਾ ਇੱਕ ਵਿਲੱਖਣ ਅੰਗ ਸੀ।

ਗੁਰਬਾਣੀ ਅਤੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਜਿਤਨਾ ਆਪ ਜੀ ਦੇ ਮਨ ਵਿੱਚ ਸੀ, ਉਹ ਤਾਂ ਜਿਨ੍ਹਾਂ ਗੁਰੂ ਪਿਆਰਿਆਂ ਨੂੰ ਇਸ ਮਹਾਨ ਆਤਮਾ ਦੀ ਸੰਗਤ ਕਰਨ ਦਾ ਸੁਭਾਗ ਬਣ ਆਇਆ, ਉਹ ਹੀ ਦੱਸ ਸਕਦੇ ਹਨ। ਗੁਰਬਾਣੀ ਦਾ ਜਾਪ ਕਰਨ ਵਾਲੇ ਨੂੰ ਆਪਣੇ ਸਿਰਹਾਣੇ ਜਾਂ ਆਪਣੇ ਤੋਂ ਉੱਚੇ ਆਸਣ ਤੇ ਬਿਠਾਉਣਾ, ਤੁਰਦਿਆਂ ਆਪਣੇ ਤੋਂ ਮੂਹਰੇ ਤੋਰਨਾਂ, ਆਪਣੇ ਗਲ ਦਾ ਹਜ਼ੂਰੀਆ ਉਸ ਦੇ ਥੱਲੇ ਵਿਛਾ ਦੇਣਾ। ਬਾਬਾ ਜੀ ਦਾ ਇਹ ਦ੍ਰਿੜ ਨਿਸਚਾ ਸੀ ਕਿ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਮੌਕੇ ਦੇ ਮਾਲਕ ਸਤਿਗੁਰੂ ਹਨ ਸੋ ਮੱਥਾ ਟਿਕਾਉਣ ਦਾ ਅਧਿਕਾਰ ਕੇਵਲ ਤੇ ਕੇਵਲ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਹੈ। ਆਪ ਜੀ ਨੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ***ਪਰਤੱਖ ਹਰਿ*** ਜਾਣ ਕੇ ਪੂਜਾ ਕੀਤੀ ਅਤੇ ਸਰਬ ਬਖਸ਼ਿਸ਼ਾਂ ਆਪਣੀ ਝੋਲੀ ਪੁਆਈਆਂ। ਗੁਰਬਾਣੀ ਪਰਾਇਣ, ਇਸ ਪਾਰਸੀ ਜੀਵਨ ਤੋਂ ਪ੍ਰਭਾਵਿਤ ਹੋ ਜਿਤਨਾ ਸਤਿਕਾਰ ਅਤੇ ਮਾਣ ਸ੍ਰੀ ਮਾਨ ਸੰਤ ਬਾਬਾ ਕਰਤਾਰ ਸਿੰਘ ਜੀ ਅਤੇ ਸ੍ਰੀਮਾਨ ਸੰਤ ਬਾਬਾ ਜਰਨੈਲ ਸਿੰਘ ਜੀ ਭਿੰਡਰਾਂ ਵਾਲਿਆਂ ਸਮੇਤ ਕੌਮ ਦੇ ਸਮੂਹ ਮਹਾਂਪੁਰਸ਼ਾਂ, ਬਾਬਾ ਜੀ ਨੂੰ ਅਰਪਿਆ ਉਹ ਵਿਲੱਖਣ ਹੀ ਸੀ।

ਖਾਲਸਾ ਪੰਥ ਦਾ ਦਰਦ ਅਤੇ ਕੌਮ ਦੀ ਚੜਦੀ ਕਲਾ ਦੀ ਇੱਛਾ, ਬਾਬਾ ਜੀ ਦੇ ਮਨ ਵਿੱਚ ਇਤਨੀ ਸੀ ਕਿ ੧੯੭੬ ਈ.ਦੀ ਵੈਸਾਖੀ ਤੋਂ ਲੈ ਕੇ ੧੯੭੯ ਈ. ਦੀ ਵੈਸਾਖੀ ਤੱਕ, ਬਾਹਰਲੇ ਸਾਰੇ ਰੁਝੇਂਵੇ ਸੰਕੋਚ ਕੇ ਗੁਰਦੁਆਰਾ ਸਾਹਿਬ ਵਿਖੇ ਹੀ ਟਿਕ ਕਰਕੇ ਲਗਾਤਾਰ ਜੋ ਤਿੰਨ ਸਾਲ ਭਜਨ ਸਿਮਰਨ ਕੀਤਾ, ਇਸ ਦੀ ਅਰਦਾਸ ਸਮੁੱਚੇ ਖਾਲਸਾ ਪੰਥ ਦੀ ਚੜ੍ਹਦੀ ਕਲਾ ਹਿਤ ਕੀਤੀ। ਇਸੇ ਸਮੇ ਦੁਰਾਨ ਹੀ ਜਦ ਦੇਸ਼ ਵਿੱਚ ਐਮਰਜੈਂਸੀ ਲੱਗੀ ਹੋਈ ਸੀ, ਕੌਮ ਵਿੱਚ ਜਾਗ੍ਰਿਤੀ ਲਿਆਉਣ ਲਈ ਸੰਤ ਬਾਬਾ ਕਰਤਾਰ ਸਿੰਘ ਜੀ ਭਿੰਡਰਾਂ ਵਾਲਿਆਂ ਵੱਲੋਂ, ਸਾਰੇ ਪੰਜਾਬ ਵਿੱਚ ਸਤਿਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ੩੦੦ ਸਾਲਾ ਸ਼ਹੀਦੀ ਦਿਵਸ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨਾਂ ਦਾ ਅਯੋਜਨ ਕੀਤਾ ਗਿਆ। ਬਾਬਾ ਜੀ ਨੇ ਇਸ ਸਮੇਂ ਤਨ-ਮਨ-ਧਨ ਨਾਲ ਖ਼ਾਲਸਾ ਜੀ ਨੂੰ ਸਹਿਯੋਗ ਦੇ ਕੇ ਕੌਮ ਦੀ ਚੜ੍ਹਦੀ ਕਲਾ ਹਿਤ ਕੀਤੇ ਜਾ ਰਹੇ ਕਾਰਜਾਂ ਵਿੱਚ ਮਦਦ ਕੀਤੀ ਅਤੇ ਇਸੇ ਲੜੀ ਦਾ ਇੱਕ ਵਿਸ਼ਾਲ ਨਗਰ ਕੀਰਤਨ ਗੁਰਦੁਆਰਾ ਰਾਮਪੁਰ ਖੇੜਾ ਸਾਹਿਬ ਤੋਂ ਵੀ ਆਯੋਜਿਤ ਕੀਤਾ ਗਿਆ।

ਸਮਾਜਿਕ ਖੇਤਰ ਵਿੱਚ ਸੜਕਾਂ, ਪੁਲਾਂ ਆਦਿ ਦਾ ਨਿਰਮਾਣ ਵੀ ਆਪ ਜੀ ਦੇ ਜੀਵਨ ਦਾ ਇੱਕ ਪਹਿਲੂ ਸੀ। ਖਾਲਸਾ ਸਕੂਲਾਂ ਅਤੇ ਕਾਲਜਾਂ ਨੂੰ ਮਾਇਕ ਸਹਾਇਤਾ ਦੇ ਕੇ ਦੁਨਿਆਵੀ ਵਿੱਦਿਆ ਦੇ ਪ੍ਰਸਾਰ ਦੇ ਨਾਲ ਵਿਦਿਆਰਥੀਆਂ ਨੂੰ ਧਾਰਮਿਕ ਵਿਦਿਆ ਲਈ ਵੀ ਉਤਸ਼ਾਹਿਤ ਕਰਦੇ ਰਹੇ। ਅਨੇਕਾਂ ਵਿਦਿਆਰਥੀ ਤਕਨੀਕੀ ਵਿੱਦਿਆ ਅਤੇ ਬੀ.ਏ., ਐਮ.ਏ. ਪੱਧਰ ਤੱਕ ਦੀ ਵਿੱਦਿਆ ਪ੍ਰਾਪਤ ਕਰਕੇ ਆਪਣਾ ਜੀਵਨ ਨਿਰਬਾਹ ਸੁੰਦਰ ਤਰੀਕੇ ਨਾਲ ਕਰ ਰਹੇ ਹਨ। ਇਸ ਤੋਂ ਇਲਾਵਾ ਲੋੜਵੰਦਾਂ ਦੀ ਮਦਦ ਲਈ ਫ੍ਰੀ ਕਲੀਨਕ ਅਤੇ ਹਰ ਸਾਲ ਅੱਖਾਂ ਦੇ ਅਪ੍ਰੇਸ਼ਨਾਂ ਦੇ ਮੁਫਤ ਕੈਂਪ ਲਗਾ, ਖਾਲਿਕ ਦੀ ਖਲਕਤ ਦੀ ਸੇਵਾ ਜੀਵਨ ਪ੍ਰਯੰਤ ਕਰਦੇ ਰਹੇ। ਨਿੱਗਰ ਸਮਾਜ ਸਿਰਜਨਾ ਕਾਰਜਾਂ ਦੀ ਲੜੀ ਵਿੱਚ ਬਾਬਾ ਜੀ ਵੱਲੋ ਰਚੇ ਇਹ ਸਮਾਜ ਸੇਵੀ ਕਾਰਜ ਵੱਡੀ ਪੱਧਰ ਤੇ ਆਪ ਦੇ ਉਤਰਾਧਿਕਾਰੀ ਬਾਬਾ ਸੇਵਾ ਸਿੰਘ ਜੀ ਦੀ ਨਿਗਰਾਨੀ ਵਿੱਚ ਅੱਜ ਵੀ ਨਿਰੰਤਰ ਜਾਰੀ ਹਨ ਜਿਹਨਾਂ ਵਿੱਚ ਸਮੇਂ ਦੀ ਲੋੜ ਮੁਤਾਬਿਕ ਕਾਫੀ ਵਾਧਾ ਕੀਤਾ ਗਿਆ ਹੈ।

ਸਤਿਗੁਰੂ ਜੀ ਅਤੇ ਪੰਥ ਨੂੰ ਸਮਰਪਿਤ ਆਪਣੇ ਜੀਵਨ ਦੇ ਅਖੀਰਲੇ ਸਮੇਂ ਨੂੰ ਵੀ ਗੁਰੂ ਪੰਥ ਦੇ ਲੇਖੇ ਲਾਵਣ ਹਿਤ ੧੯੮੨ ਵਿੱਚ ਸਿੱਖ ਕੌਮ ਵੱਲੋ ਵਿੱਢੇ ਸੰਘਰਸ਼ ਦੁਰਾਨ ਆਪ ਜੀ ਨੇ, ਕੌਮ ਦੇ ਵਾਹਿਦ ਲੀਡਰਾਂ ਅਤੇ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਰੋਕਣ ਤੇ ਵੀ ੮੫ ਸਾਲ ਦੀ ਵਡੇਰੀ ਆਯੂ ਵਿੱਚ ੧੯ ਅਕਤੂਬਰ ੧੯੮੨ ਨੂੰ ਹਜ਼ਾਰਾਂ ਸਿੰਘਾਂ-ਸਿੰਘਣੀਆਂ ਸਮੇਤ ਧਰਮਯੁੱਧ ਮੋਰਚੇ ਵਿੱਚ ਗ੍ਰਿਫਤਾਰੀ ਦਿੱਤੀ ਅਤੇ ਵੱਡੀ ਮਾਇਕ ਸਹਾਇਤਾ ਕੀਤੀ। ਇਸ ਸਮੇਂ ਨੂੰ ਵੀ ਗੁਰਸਿੱਖੀ ਦੀ ਫੁਲਵਾੜੀ ਨੂੰ ਪ੍ਰਫੁਲਤ ਕਰਨ ਦੀ ਚਾਹ ਵਿੱਚ ਵਰਤਦਿਆਂ ਸੈਕੜੇਂ ਪ੍ਰਾਣੀਆਂ ਨੂੰ ਗੁਰਮਤਿ ਜੀਵਨ ਜੀਊਣ ਦੀ ਪ੍ਰੇਰਨਾ ਦੇਕੇ ਗੁਰੂ ਲੜ ਲਾਉਂਦਿਆ ਹੋਇਆ ਅੰਮ੍ਰਿਤ ਪਾਨ ਕਰਵਾਇਆ। ਇਸ ਸਮੇਂ ਦੁਰਾਨ ਸਰੀਰਕ ਖੇਚਲ ਅਤੇ ਜੇਹਲ ਦੀਆਂ ਕਠਿਨਾਈਆਂ ਕਾਰਨ ਆਪ ਜੀ ਦੀ ਸਿਹਤ ਕਾਫੀ ਵਿਗੜ ਗਈ ਜੋ ਕਿ ਇਲਾਜ ਦੇ ਬਾਵਜੂਦ ਵੀ ਠੀਕ ਨਾ ਹੋ ਸਕੀ। ਆਖਿਰ ੪ ਜਨਵਰੀ ੧੯੮੩ ਨੂੰ ਆਪ ਜੀ ਦਿੱਲੀ ਦੇ ਆਲ ਇੰਡੀਆ ਮੈਡੀਕਲ ਇੰਸਟੀਚੀਊਟ ਵਿੱਚ ***"ਸੂਰਜ ਕਿਰਨ ਮਿਲੇ ਜਲ ਕਾ ਜਲ ਹੂਆ ਰਾਮ॥ ਜੋਤੀ ਜੋਤ ਰਲੀ ਸੰਪੂਰਨ ਥੀਆ ਰਾਮ॥"*** ਦੇ ਹੁਕਮ ਅਨੁਸਾਰ ਪ੍ਰਭੂ ਚਰਨਾਂ ਵਿੱਚ ਜਾ ਬਿਰਾਜੇ। ਆਪ ਜੀ ਦੇ ਦੁਸਹਿਰੇ ਤੇ ਕੌਮ ਨੇ ਆਪ ਜੀ ਨੂੰ **ਸ਼ਹੀਦ** ਦਾ ਖ਼ਿਤਾਬ ਦੇ ਕੇ ਆਪ ਜੀ ਦੀਆਂ ਪੰਥ ਪ੍ਰਤੀ ਕੁਰਬਾਨੀਆਂ ਨੂੰ ਸਦੀਵ ਕਾਲ ਲਈ ਯਾਦ ਕਰਨ ਦਾ ਉੱਦਮ ਕੀਤਾ।

ਬਾਬਾ ਜੀ ਦੇ ਜੀਵਨ ਦਾ ਸੰਪੂਰਨ ਬ੍ਰਿਤਾਂਤ ਪੜ੍ਹ ਕੇ ਜੀਵਨ ਸੇਧ ਪ੍ਰਾਪਤ ਕਰਨ ਹਿਤ ਅਤੇ ਗੁਰਮਤਿ ਦੇ ਗੂਹਜ ਤੱਤਾਂ ਦੀ ਵਾਖਫੀਅਤ ਲਈ, ਬਾਬਾ ਜੀ ਦੇ ਉਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ ਦੁਆਰਾ ਰਚਿਤ ਪੁਸਤਕ **ਸੇ ਕਿਨੇਹਿਆ?** ਜਰੂਰ ਪੜੋ। ਪੁਸਤਕ ਪ੍ਰਾਪਤੀ ਲਈ ਆਪ ਜੀ ਸੰਪਰਕ ਕਰ ਸਕਦੇ ਹੋ।